## ਸੰਤਨ ਮੋ ਕਉ ਹਰਿ ਮਾਰਗਿ ਪਾਇਆ

**ਸੰਤਨ ਮੋ ਕਉ ਹਰਿ ਮਾਰਗਿ ਪਾਇਆ॥**

- - ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਭਗਤ, ਸੰਤ, ਸਾਧ ਜਨਾਂ ਨੇ ਮੈਨੂੰ ਉਸ ਰਸਤੇ ਤੇ ਪਾ ਦਿਤਾ ਹੈ ਜੋ ਹਰੀ ਪ੍ਰਭੂ ਵਲ ਜਾਂਦਾ ਹੈ। ਇਹ ਨਾਮ ਮਾਰਗ ਹੈ, ਜਿਵੇਂ ਕਿ ਆਪ ਜੀ ਦਾ ਫ਼ੁਰਮਾਣ ਹੈ ਕਿ ਹੇ ਮਨੁਖ ! ਉਹ ਕੀਮਤੀ ਵਸਤੂ ਜਿਸ ਨੂੰ ਤੂੰ ਲੈਣ ਇਸ ਦੁਨੀਆਂ ਵਿਚ ਜਨਮ ਲੈ ਕੇ ਆਇਆ ਹੈਂ, ਉਹ ਰਾਮ ਪ੍ਰਭੂ ਦੇ ਨਾਮ ਰੂਪੀ ਕੀਮਤੀ ਵਸਤੂ ਤਾਂ ਸੰਤ, ਭਗਤ, ਸਾਧ ਜਨਾਂ ਦੀ ਸੰਗਤਿ ਵਿਚ ਹੀ ਪ੍ਰਾਪਤ ਹੁੰਦੀ ਹੈ - 'ਜਿਸੁ ਵਖਰ ਕਉ ਲੈਨਿ ਤੂ ਆਇਆ॥ ਰਾਮ ਨਾਮੁ ਸੰਤਨ ਘਰਿ ਪਾਇਆ॥'

**ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ॥**

- - ਉਨ੍ਹਾਂ ਕ੍ਰਿਪਾਲੂ ਸਾਧ, ਸੰਤ, ਭਗਤ ਜਨਾਂ ਨੇ ਤਾਂ ਮੈਨੂੰ ਹਰੀ ਪ੍ਰਭੂ ਦੇ ਸੰਗ ਰਹਿਣਾ ਗਿਝਾ ਦਿਤਾ ਹੈ। ਹੌਲੀ ਹੌਲੀ ਨਾਮ ਜਪਾਂਦਿਆਂ ਜਪਾਂਦਿਆਂ ਮੈਨੂੰ ਇਸ ਦੀ ਅਜਿਹੀ ਆਦਤ ਪਾ ਦਿਤੀ ਹੈ, ਮੈਨੂੰ ਇਸ ਦਾ ਆਦੀ ਬਣਾ ਦਿਤਾ ਹੈ ਕਿ ਹੁਣ ਮੈਂ ਇਸ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ। I have been made habitual or addicted or accustomed to it.

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ - 'ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥' ਹੋਰ ਫ਼ੁਰਮਾਣ ਕਰਦੇ ਹਨ ਕਿ ਮੈਂ ਤਾਂ ਨਾਮ ਜਪੇ ਬਿਨਾਂ ਰਹਿ ਹੀ ਨਹੀਂ ਸਕਦਾ, ਇਸ ਲਈ ਮੈਨੂੰ ਪੂਰੇ ਗੁਰੂ ਦਾ ਦਸਿਆ ਹੋਇਆ ਮੰਤਰ ਦੇ ਦਿਉ, ਜਿਸ ਨੂੰ ਜਪ ਜਪ ਕੇ ਮੇਰਾ ਉਧਾਰ ਹੋ ਜਾਏ - 'ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ॥ ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ॥' ਇਸੇ ਤਰ੍ਹਾਂ ਪੰਚਮ ਪਾਤਸ਼ਾਹ ਦੇ ਵੀ ਬਚਨ ਹਨ ਕਿ ਗੁਰੂ ਦਰਬਾਰ ਦੇ ਦਰਸ਼ਨਾਂ ਬਿਨਾਂ ਮੇਰੀ ਤਾਂ ਰਾਤ ਹੀ ਬਤੀਤ ਨਹੀਂ ਹੁੰਦੀ, ਨੀਂਦ ਹੀ ਨਹੀਂ ਆਉਂਦੀ - 'ਮੋਹਿ ਰੈਣ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥'

**ਹਰਿ ਹਮਰਾ ਹਮ ਹਰਿ ਕੇ ਦਾਸੇ**
**ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ॥**

- - ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਹੁਣ ਤਾਂ ਹਰੀ ਪ੍ਰਭੂ ਮੇਰਾ ਹੈ ਤੇ ਮੈਂ ਉਸ ਦਾ ਦਾਸ ਹਾਂ, ਗੁਰੂ ਪਿਆਰੇ ਭਗਤ ਜਨ ਨੇ ਮੈਨੂੰ ਜਪਣ ਲਈ ਗੁਰੂ ਦਾ **ਸਚਾ ਸ਼ਬਦ (ਵਾਹਗੁਰੂ)** ਬਖਸ਼ ਦਿਤਾ ਹੈ। 'ਸਬਦੁ' ਦੇ ਦਦਾ ਅਖਰ ਨੂੰ ਔਂਕੜ ਪਈ ਹੋਣ ਕਰਕੇ ਇਕ ਵਚਨ singular ਹੈ।

ਭਾਈ ਗੁਰਦਾਸ ਜੀ ਗਵਾਹੀ ਭਰਦੇ ਹਨ ਕਿ ਗੁਰੂ ਦਾ ਇਹ ਸਚਾ ਸ਼ਬਦ ਵਾਹਿਗੁਰੂ ਹੈ - 'ਵਾਹਿਗੁਰੂ ਗੁਰ ਸਬਦੁ ਸੁਣਾਇਆ॥'

ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਜੋ ਸਾਧ, ਸੰਤ ਰੂਪ ਮਸਨਦ ਨਸ਼ੀਂ (ਮਸੰਦ) ਆਪਣੀ ਸੱਤਾ Sovereignty ਸੌਂਪ ਕੇ delegate ਕਰਕੇ, ਥਾਪ ਕੇ ਦੂਰ ਦੁਰਾਡੇ ਭੇਜੇ ਸਨ, ਉਹ ਪਾਤਸ਼ਾਹ ਦੀ ਥਾਂ ਤੇ ਆਪਣੀ ਚਰਨ ਪਾਹੁਲ ਦੇ ਕੇ, ਜਪਣ ਹਿਤ, ਇਹੀ ਗੁਰ ਸ਼ਬਦ (ਵਾਹਗੁਰੂ) ਬਖਸ਼ਦੇ ਹੁੰਦੇ ਸਨ।

